# Visit of External Affairs Minister to Slovakia and the Czech Republic (June 02-06, 2022)

June 01, 2022

..................

## ਵਿਦੇਸ਼ ਮੰਤਰੀ ਵੱਲੋਂ ਸਲੋਵਾਕੀਆ ਅਤੇ ਚੈੱਕ ਗਣਰਾਜ ਦਾ ਦੌਰਾ (2-6 ਜੂਨ, 2022)

**1 ਜੂਨ, 2022**

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ 2-6 ਜੂਨ, 2022 ਤੱਕ ਸਲੋਵਾਕੀਆ ਅਤੇ ਚੈੱਕ ਗਣਰਾਜ ਦੀ ਅਧਿਕਾਰਤ ਯਾਤਰਾ ਕਰਨਗੇ।

2-4 ਜੂਨ 2022 ਤੱਕ ਬ੍ਰਾਟੀਸਲਾਵਾ ਦੀ ਆਪਣੀ ਫੇਰੀ ਦੌਰਾਨ ਵਿਦੇਸ਼ ਮੰਤਰੀ ਸਲੋਵਾਕੀਆ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਾਨ ਐਡੁਆਰਡ ਹੇਗਰ ਅਤੇ ਸਲੋਵਾਕੀਆ ਦੇ ਵਿਦੇਸ਼ ਅਤੇ ਯੂਰਪੀਅਨ ਮਾਮਲਿਆਂ ਦੇ ਮੰਤਰੀ ਮਹਾਮਹਿਮ ਸ਼੍ਰੀਮਾਨ ਇਵਾਨ ਕੋਰਕੋਕ ਨਾਲ ਦੁਵੱਲੀ ਚਰਚਾ ਕਰਨਗੇ।

ਉਹ GLOBSEC 2022 ਫੋਰਮ ਵਿੱਚ ਵੀ ਸ਼ਿਰਕਤ ਕਰਨਗੇ ਅਤੇ aking Friendship to the Next Level: Allies in the Indo-Pacific Region’ ਵਿਸ਼ੇ 'ਤੇ ਬੋਲਣਗੇ।

ਵਿਦੇਸ਼ ਮੰਤਰੀ GLOBSEC 2022 ਫੋਰਮ ਦੌਰਾਨ ਆਸਟਰੀਆ ਦੇ ਯੂਰਪੀਅਨ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਮੰਤਰੀ ਮਹਾਮਹਿਮ ਸ਼੍ਰੀ ਅਲੈਗਜ਼ੈਂਡਰ ਸ਼ੈਲਨਬਰਗ  ਨਾਲ ਵੀ ਗੱਲਬਾਤ ਕਰਨਗੇ।

4-6 ਜੂਨ ਤੱਕ ਚੈੱਕ ਗਣਰਾਜ ਦੀ ਆਪਣੀ ਫੇਰੀ ਦੌਰਾਨ ਵਿਦੇਸ਼ ਮੰਤਰੀ ਚੈੱਕ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਜਾਨ ਲਿਪਾਵਸਕੀ ਨਾਲ ਚਰਚਾ ਕਰਨਗੇ।

ਨਵੀਂ ਦਿੱਲੀ
1 ਜੂਨ, 2022

DISCLAIMER: This is an approximate translation. The original is available in English on MEA’s website and may be referred to as the official press release.